2024545/0
15-4-24

# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ)
ਫੋਨ ਨੰ: 0172-5212307,2210019
E-mail-id-mdmpunjab@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪੰਜਾਬ।

ਮੀਮੋ ਨੰ.ਐਮ.ਡੀ.ਐਮ.ਐਸ/ਜੀ.ਐਮ/2024/93851
ਮਿਤੀਃ 10/04/2024

**ਵਿਸ਼ਾਃ-** **ਪੀ.ਐਮ. ਪੋਸ਼ਣ ਸਕੀਮ ਅਧੀਨ ਮਿਤੀ 27/03/2024 ਨੂੰ ਹੋਈ ਪਲਾਨ ਦੀ ਮੀਟਿੰਗ ਸਬੰਧੀ।**

ਉਕਤ ਵਿਸ਼ੇ|ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 27/03/2024 ਨੂੰ ਪੀ.ਐਮ.ਪੋਸ਼ਣ ਸਕੀਮ ਦੀ PAB (Planning Approval Board) ਦੀ ਮੀਟਿੰਗ ਦਿੱਲੀ ਵਿਖੇ ਹੋਈ ਅਤੇ ਇਸ ਮੀਟਿੰਗ ਵਿੱਚ ਸਕੱਤਰ, ਸਕੂਲ ਸਿੱਖਿਆ, ਭਾਰਤ ਸਰਕਾਰ ਵੱਲੋਂ ਵੱਖ-ਵੱਖ ਮੁੱਦਿਆਂ ਤੇ ਵਿਚਾਰ-ਵਟਾਂਦਰਾਂ ਕੀਤਾ ਗਿਆ ਜਿਸ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ ਹਨ:-

**1) Testing of meals by FSSAI Labs:-**

ਸਕੀਮ ਦੀਆਂ ਗਾਈਡਲਾਈਨਜ ਅਨੁਸਾਰ ਮਿਡ ਡੇ ਮੀਲ ਖਾਣੇ ਦੇ ਸੈਂਪਲ ਟੈਸਟ ਕਰਵਾਉਣਾ ਲਾਜਮੀ ਹੈ।

ਵਿੱਤੀ ਸਾਲ 2024-25 ਦੇ ਪਲਾਨ ਵਿੱਚ ਇਹ ਪਾਇਆ ਗਿਆ ਹੈ ਕਿ ਕਿਸੇ ਵੀ ਜਿਲ੍ਹੇ ਵੱਲੋਂ ਸਾਲ 2023-24 ਦੌਰਾਨ ਕੋਈ ਵੀ ਖਾਣੇ ਦਾ ਸੈਂਪਲ ਟੈਸਟ ਨਹੀਂ ਕਰਵਇਆ ਗਿਆ ਜਦੋਂ ਕਿ ਭਾਰਤ ਸਰਕਾਰ ਦੀਆਂ ਗਾਈਡਲਾਈਨਜ ਅਨੁਸਾਰ ਟੈਸਟਿੰਗ ਕਰਵਾਉਣੀ ਲਾਜਮੀ ਹੈ। ਇਸ ਸਬੰਧੀ ਵਿੱਤੀ ਸਾਲ 2024-25 ਦੀ ਪਹਿਲੀ ਤਿਮਾਹੀ ਖਤਮ ਹੋਣ ਤੋਂ ਪਹਿਲਾਂ ਜਿਲ੍ਹੇ ਅਧੀਨ ਆਉਂਦੇ ਸਕੂਲਾਂ ਵਿੱਚੋਂ ਇੱਕ ਪ੍ਰਾਇਮਰੀ, ਇੱਕ ਮਿਡਲ/ਹਾਈ ਅਤੇ ਇੱਕ ਸੀਨੀਅਰ ਸੈਕੰਡਰੀ ਸਕੂਲ ਦਾ ਆਪਣੇ ਜਿਲ੍ਹੇ ਵਿੱਚ ਜਾਂ ਨੇੜਲੇ ਜਿਲ੍ਹੇ ਵਿੱਚ ਪੈਂਦੀ NABH+ Accredited Labs / FSSAI ਤੋਂ ਪਕੇ ਹੋਏ ਭੋਜਨ ਦਾ ਟੈਸਟ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਰਿਪੋਰਟ ਮੁੱਖ ਦਫਤਰ ਨੂੰ ਭੇਜੀ ਜਾਵੇ। ਇਸ ਤੇ ਆਉਣਾ ਵਾਲਾ ਖਰਚਾ ਮਿਡ ਡੇ ਮੀਲ ਸੋਸਾਇਟੀ ਵੱਲੋਂ ਦਿੱਤਾ ਜਾਵੇਗਾ।

**2) AMS Entries-85%**

ਸਕੂਲਾਂ ਵੱਲੋਂ ਮਿਡ ਡੇ ਮੀਲ ਜਿੰਨੇ ਵਿਦਿਆਰਥੀਆਂ ਨੂੰ ਖੁਆਇਆ ਜਾਂਦਾ ਹੈ, ਉਨ੍ਹਾਂ ਦੀ ਰਿਪੋਰਟ ਆਨ-ਲਾਈਨ ਪੋਰਟਲ ਈ-ਪੰਜਾਬ ਦੀ ਸਾਈਟ ਤੇ ਸਕੂਲਾਂ ਵੱਲੋਂ ਭੇਜਿਆ ਜਾਂਦਾ ਹੈ ਅਤੇ ਉਸਦੀ ਰਿਪੋਰਟ ਐਮ.ਐਚ.ਆਰ.ਡੀ. ਦੀ ਸ਼ਾਈਟ ਤੇ ਅਪਲੋਡ ਕੀਤੀ ਜਾਂਦੀ ਹੈ, ਜਿਸ ਦੀ ਪ੍ਰਤੀਸ਼ਤਤਾ ਦੇ ਆਧਾਰ ਤੇ ਫੰਡਜ ਮੁਹਈਆ ਕਰਵਾਏ ਜਾਂਦੇ ਹਨ। ਭਾਰਤ ਸਰਕਾਰ ਵੱਲੋਂ ਪੋਰਟਲ ਤੇ 100% ਡਾਟਾ ਫੀਡ ਕਰਨ ਹਿੱਤ ਹਦਾਇਤ ਕੀਤੀ ਗਈ।

ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲ ਮੁੱਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਸਕੂਲ ਛੱਡਣ ਤੋਂ ਪਹਿਲਾਂ ਐਸ.ਐਮ.ਐਸ. ਕਰਵਾਉਣਾ ਯਕੀਨੀ ਬਣਾਇਆ ਜਾਵੇ।

**3) Cooking competition among cooks cum helpers**

ਹਰੇਕ ਬਲਾਕ ਵਿੱਚ ਕੁੱਕ ਕਮ ਹੈਲਪਰਾਂ ਦੀ ਕੁਕਿੰਗ ਪ੍ਰਤੀਯੋਗਤਾ ਕਰਵਾਈ ਜਾਵੇ, ਬਲਾਕ ਪੱਧਰ ਤੇ ਜਿੱਤਣ ਵਾਲੇ ਕੁੱਕ ਕਮ ਹੈਲਪਰਾਂ ਦਾ ਜਿਲ੍ਹਾ ਪੱਧਰ ਤੇ ਮੁਕਾਬਲਾ ਕਰਵਾਇਆ ਜਾਵੇ ਅਤੇ ਜਿਲ੍ਹਾ ਪੱਧਰ ਤੇ ਜਿੱਤਣ ਵਾਲੇ ਕੁੱਕ ਕਮ ਹੈਲਪਰਾਂ ਦਾ ਰਾਜ ਪੱਧਰ ਤੇ ਮੁਕਾਬਲਾ ਕਰਵਾਇਆ ਜਾਵੇ, ਇਹ ਮੁਕਾਬਲਾ ਮੌਜੂਦਾ ਮਿਡ ਡੇ ਮੀਲ ਮੀਨੂੰ ਦੇ ਮੁਤਾਬਕ ਹੀ ਕਰਵਾਇਆ ਜਾਵੇ, ਜਿਵੇਂ ਕਿ ਚਾਵਲ ਜਾਂ ਕਣਕ ਤੋਂ ਵਿਦਿਆਰਥੀਆਂ ਦੀ ਸਿਹਤ ਨੂੰ ਮੱਦੇ ਨਜਰ ਰੱਖਦੇ ਹੋਏ ਕੋਈ ਵੀ ਵਧੀਆ ਡਿਸ਼ ਤਿਆਰ ਕੀਤੀ ਜਾਵੇ, ਉਸ ਡਿਸ਼ ਨੂੰ ਉੱਚ ਅਧਿਕਾਰੀਆਂ ਪਾਸੋਂ ਪ੍ਰਵਾਨ ਕਰਵਾ ਕੇ ਸਕੂਲਾਂ ਵਿੱਚ ਲਾਗੂ ਕੀਤਾ ਜਾਵੇਗਾ।

ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਕੁੱਕ ਕਮ ਹੈਲਪਰਾਂ ਨੂੰ ਇਨਾਮ ਵਜੋਂ 1000/-, 500/-, 300/-ਰੁਪਏ ਬਤੌਰ ਸਨਮਾਨ ਦੇ ਤੌਰ ਤੇ ਦਿੱਤੇ ਜਾਣਗੇ।

**4) Tithi Bhojan**

ਤਿੱਥੀ ਭੋਜਨ ਸਬੰਧੀ ਜਾਗਰੂਕਤਾ ਪੈਦਾ ਕਰਨ ਹਿੱਤ ਬਲਾਕ ਪੱਧਰ ਤੇ ਅਧਿਆਪਕਾ ਦੀ ਮੀਟਿੰਗ ਕਰਵਾਈ ਜਾਵੇ, ਮੀਟਿੰਗ ਦੌਰਾਨ ਅਧਿਆਪਕਾਂ ਨੂੰ ਕਿਸੇ ਵੀ ਵਿਸ਼ੇਸ਼ ਸਮਾਰੋਹ, ਵਿਸ਼ੇਸ਼ ਦਿਨ ਜਾਂ ਤਿਉਹਾਰ ਤੇ ਕੋਈ ਸਪੈਸ਼ਲ ਭੋਜਨ, ਫਲ ਜਾਂ ਕੋਈ ਹੋਰ ਮਠਿਆਈ ਆਦਿ ਵਿਦਿਆਰਥੀਆਂ ਨੂੰ ਦੁਪਹਿਰ ਦੇ ਭੋਜਨ ਵਿੱਚ ਪਰੋਸਣ ਸਬੰਧੀ ਪਿੰਡ ਦੇ ਸਰਪੰਚ, ਦਾਨੀ ਸੱਜਣ ਜਾਂ ਹੋਰ ਪੱਤਵਤੇ ਸੱਜਣਾ ਨੂੰ ਜਾਗਰੂਕ ਕਰਨ ਹਿੱਤ ਕਿਹਾ ਜਾਵੇ।

ਜਨਰਲ ਮੈਨੇਜਰ

ਪਿੰ.ਅ.ਨੰ.ਐਮ.ਡੀ.ਐਮ.ਐਸ./ਜੀ.ਐਮ./2024/ 93852 ਮਿਤੀ 10/04/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਉੱਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ.)
2) ਸਮੂਹ ਜਿਲ੍ਹਾ ਲੇਖਾਕਾਰ, ਮਿਡ ਡੇ ਮੀਲ,

ਜਨਰਲ ਮੈਨੇਜਰ